# ਹੋਣ ਵਾਲੇ ਸਿਹਤ ਖ਼ਤਰੇ

## ਕੰਮ ਕਰਨਾ ਬੰਦ ਕਰੋ ਅਤੇ ਰਿਪੋਰਟ ਕਰੋ

ਕਿਸੇ ਹੋਣ ਵਾਲੇ ਸਿਹਤ ਖਤਰੇ (Imminent Health Hazard, IHH) ਨੂੰ ਜਨਤਕ ਸਿਹਤ ਲਈ ਇੱਕ ਗੰਭੀਰ ਚਿਤਾਵਨੀ ਜਾਂ ਖਤਰੇ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜਿਸ ਕਾਰਨ ਸੱਟ ਤੋਂ ਬਚਾਅ ਕਰਨ ਲਈ ਤੁਰੰਤ ਸੁਧਾਰ ਦੀ ਲੋੜ ਹੁੰਦੀ ਹੈ ਜਾਂ ਕਿਸੇ ਅਦਾਰੇ ਨੂੰ ਭੋਜਨ ਪਰੋਸਣ ਦੇ ਕੰਮ ਨੂੰ ਬੰਦ ਕਰਨ ਅਤੇ ਰੋਕਣ ਦੀ ਲੋੜ ਹੁੰਦੀ ਹੈ। ਹੋਣ ਵਾਲੇ ਸਿਹਤ ਖਤਰਿਆਂ ਵਿੱਚ ਇਹ ਸ਼ਾਮਲ ਹਨ:






- ਐਮਰਜੈਂਸੀ ਜਿਵੇਂ ਕਿ ਅੱਗ ਲੱਗਣਾ ਜਾਂ ਹੜ੍ਹ ਆਉਣਾ।
- ਲੰਬੇ ਸਮੇਂ ਲਈ ਬਿਜਲੀ ਸੇਵਾ ਦਾ ਠੱਪ ਹੋਣਾ।
- ਕੋਈ ਵਹਿੰਦਾ ਪਾਣੀ ਨਾ ਹੋਣਾ।
- ਗੰਦੇ ਪਾਣੀ ਜਾਂ ਸੀਵਰੇਜ ਦਾ ਬੈਕਅੱਪ।
- ਜ਼ਹਿਰੀਲੇ ਜਾਂ ਦੂਸ਼ੀਤ ਪਦਾਰਥਾਂ ਦੀ ਦੁਰਵਰਤੋਂ।
- ਸਫਾਈ ਦੀ ਘਾਟ (ਸਹੀ ਢੰਗ ਨਾਲ ਸਫਾਈ ਕਰਨ ਲਈ ਗਰਮ ਪਾਣੀ ਦੀ ਘਾਟ, ਕੀੜਿਆਂ ਦੀ ਲਾਗ, ਆਦਿ)।
- ਕੋਈ ਵੀ ਸਥਿਤੀ ਜੋ ਜਨਤਕ ਸਿਹਤ ਨੂੰ ਖਤਰੇ ਵਿੱਚ ਪਾ ਸਕਦੀ ਹੈ (ਭੋਜਨ ਨਾਲ ਹੋਣ ਵਾਲੀ ਬਿਮਾਰੀ ਦਾ ਪ੍ਰਕੋਪ, ਆਦਿ)।

ਜੇ ਉਪਰੋਕਤ ਹਾਲਤਾਂ ਮੌਜੂਦ ਹੋਣ, ਤਾਂ ਭੋਜਨ ਅਦਾਰੇ ਨੂੰ ਤੁਰੰਤ ਕੰਮ ਬੰਦ ਕਰਨ ਅਤੇ Snohomish County Health Department ਨੂੰ 425-359-8730 'ਤੇ ਕਾਲ ਕਰਕੇ ਜਾਂ food.safety@snoco.org 'ਤੇ ਈ-ਮੇਲ ਕਰਕੇ ਸੂਚਿਤ ਕਰਨ ਦੀ ਲੋੜ ਹੁੰਦੀ ਹੈ। ਬੰਦ ਕਰਨ ਤੋਂ ਬਾਅਦ ਦੁਬਾਰਾ ਖੋਲ੍ਹਣ ਲਈ ਲਿਖਤੀ ਮਨਜ਼ੂਰੀ ਦੀ ਲੋੜ ਹੁੰਦੀ ਹੈ।

## ਸੁਧਾਰਾਤਮਕ ਕਾਰਵਾਈਆਂ

ਹੇਠ ਲਿਖੀਆਂ ਸੁਧਾਰਾਤਮਕ ਕਾਰਵਾਈਆਂ ਦੀ ਲੋੜ ਪੈ ਸਕਦੀ ਹੈ:

- ਜੇ ਖਤਰੇ ਨੂੰ ਤੁਰੰਤ ਨਹੀਂ ਸੁਧਾਰਿਆ ਜਾ ਸਕਦਾ ਹੈ ਤਾਂ ਅਦਾਰੇ ਜਾਂ ਖੇਤਰ ਨੂੰ ਬੰਦ ਕਰ ਦਿਓ।
- ਦੁਬਾਰਾ ਖੋਲ੍ਹਣ ਤੋਂ ਪਹਿਲਾਂ ਲਿਖਤੀ ਮਨਜ਼ੂਰੀ ਲੈਣ ਲਈ ਇੱਕ ਸਿਹਤ ਨਿਰੀਖਣ।
- ਕਿਸੇ ਵੀ ਅਜਿਹੇ ਭੋਜਨ ਨੂੰ ਸੁੱਟ ਦਿਓ ਜਿਹੜਾ ਅੱਗ, ਹੜ੍ਹ, ਸੀਵਰੇਜ, ਕੀੜਿਆਂ, ਜਾਂ ਮਾੜੀ ਸਫਾਈ ਕਾਰਨ ਦੂਸ਼ਿਤ ਹੋਇਆ ਹੋ ਸਕਦਾ ਹੈ।
- ਕੋਈ ਵੀ ਅਜਿਹਾ ਭੋਜਨ ਜੋ ਸੁਰੱਖਿਆ ਲਈ ਤਾਪਮਾਨ ਕੰਟਰੋਲ (TCS) ਵਿੱਚ ਰੱਖਿਆ ਗਿਆ ਹੋਵੇ ਨੂੰ ਸੁੱਟ ਦਿਓ ਜੋ 4 ਘੰਟਿਆਂ ਤੋਂ ਵੱਧ ਸਮੇਂ ਤੋਂ ਤਾਪਮਾਨ ਦੇ ਖਤਰੇ ਵਾਲੇ ਖੇਤਰ ਵਿੱਚ ਰਿਹਾ ਹੋਵੇ। (41°F – 135°F)
- ਸੇਵਾ ਪ੍ਰਦਾਨ ਕਰਨ ਲਈ ਲਾਇਸੰਸਸ਼ੁਦਾ ਪੈਸਟ ਕੰਟਰੋਲ ਕੰਪਨੀ ਨੂੰ ਕਿਰਾਏ 'ਤੇ ਕਰੋ।
- ਕਰਮਚਾਰੀ ਜਿਹਨਾਂ ਨੂੰ ਰਿਪੋਰਟ ਕਰਨ ਯੋਗ ਲੱਛਣਾਂ ਹੋਏ ਹੋਣ ਜਾਂ ਭੋਜਨ ਤੋਂ ਪੈਦਾ ਹੋਣ ਵਾਲੀਆਂ ਰਿਪੋਰਟ ਕਰਨ ਯੋਗ ਬਿਮਾਰੀਆਂ ਹੋ ਗਈਆਂ ਹੋਣ ਉਹਨਾਂ ਨੂੰ ਉਦੋਂ ਤੱਕ ਘਰ ਭੇਜੋ ਜਦੋਂ ਤੱਕ ਲੱਛਣ ਖਤਮ ਨਹੀਂ ਹੋ ਜਾਂਦੇ।
- ਅਦਾਰੇ ਦੀ ਨਿਗਰਾਨੀ ਅਧੀਨ ਅਤੇ ਦਸਤਾਵੇਜ਼ੀ ਤੌਰ 'ਤੇ ਚੰਗੀ ਤਰ੍ਹਾਂ ਸਫਾਈ ਕੀਤੀ ਜਾਵੇ।

**Food Safety Program**
**3020 Rucker Avenue, Suite 104**
**Everett, WA 98201-3900**
**Food.Safety@snoco.org · 425.339.8730**
**SHD-FoodIllnessComplaints@snoco.org · 425.339.8680**

SNOHOMISH COUNTY HEALTH DEPARTMENT